## ਤੁਸੀਂ ਕੀ ਕਰ ਸਕਦੇ ਹੋ

1. **ਸੰਕੇਤਾਂ ਨੂੰ ਜਾਣੋ।** ਸਾਡੇ ਸੂਚਕ ਕਾਰਡਾਂ ਲਈ ਆਰਡਰ ਕਰੋ, ਜੋ 17 ਭਾਸ਼ਾਵਾਂ ਵਿੱਚ ਬਟੂਏ ਦੇ ਆਕਾਰ ਵਾਲੇ ਸੁਵਿਧਾਜਨਕ ਕਾਰਡ ਹਨ ਅਤੇ ਜਿਨ੍ਹਾਂ ਵਿੱਚ ਅਹਿਮ ਸੰਕੇਤਾਂ ਦੀ ਸੂਚੀ ਦਿੱਤੀ ਗਈ ਹੈ। ਤੁਸੀਂ ਇਹ ਕਾਰਡ ਆਪਣੇ ਸਥਾਨਕ ਇਲਾਕੇ ਵਿੱਚ ਵੰਡ ਸਕਦੇ ਹੋ। ਅਸੀਂ ਫਰਸਟ ਰਿਸਪੌਂਡਰਾਂ ਅਤੇ ਸਿਹਤ-ਸੰਭਾਲ ਪ੍ਰਦਾਤਾਵਾਂ ਲਈ ਢੁਕਵੇਂ ਸੂਚਕ ਕਾਰਡ ਵੀ ਤਿਆਰ ਕੀਤੇ ਹਨ। ਇਸ ਵੈਬਸਾਈਟ 'ਤੇ ਵਧੇਰੇ ਜਾਣਕਾਰੀ ਲਵੋ: *www.dhs.gov/Bluecampaign*.

2. **ਸੂਹਾਂ ਦੀ ਰਿਪੋਰਟ ਕਰੋ।** ਜੇ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਮਿਲਦੇ ਹੋ ਜਿਸ ਬਾਰੇ ਤੁਸੀਂ ਸੋਚਦੇ ਹੋ ਕਿ ਉਹ ਮਨੁੱਖੀ ਤਸਕਰੀ ਦਾ ਪੀੜਤ ਹੋ ਸਕਦਾ ਹੈ, ਜਾਂ ਜੇ ਤੁਸੀਂ ਕਾਨੂੰਨ ਪਾਲਣਾ ਵਿਵਸਥਾ ਵਿੱਚ ਹੋ ਅਤੇ ਆਪਣੇ ਇਲਾਕੇ ਦੇ HSI ਨਾਲ ਸੰਪਰਕ ਕਰਨਾ ਚਾਹੁੰਦੇ ਹੋ ਤਾਂ **HSI ਦੀ ਟਿਪਲਾਈਨ ਨਾਲ ਸੰਪਰਕ ਕਰੋ**:

   - **(866) 347-2423 'ਤੇ ਕਾਲ ਕਰੋ** (ਅਮਰੀਕਾ ਅਤੇ ਕੈਨੇਡਾ ਤੋਂ ਟੋਲ-ਫ੍ਰੀ)
   - **(802) 872-6199 'ਤੇ ਕਾਲ ਕਰੋ** (ਦੁਨੀਆਂ ਵਿੱਚ ਕਿਸੇ ਵੀ ਸਥਾਨ ਤੋਂ ਟੋਲ-ਫ੍ਰੀ ਨਹੀਂ)
   - ਜਾਂ ਔਨਲਾਈਨ *www.ice.gov/tips* 'ਤੇ ਸੂਹ ਦਿਓ (ਇੰਟਰਨੈਟ 'ਤੇ ਕਿਸੇ ਵੀ ਥਾਂ ਤੋਂ)

   ਉੱਚ ਸਿਖਲਾਈ ਪ੍ਰਾਪਤ ਕਾਨੂੰਨ ਪਾਲਣਾ ਦੇ ਮਾਹਰ ਅਧਿਕਾਰੀ ਮਨੁੱਖੀ ਤਸਕਰੀ ਬਾਰੇ ਸੂਹ ਪ੍ਰਾਪਤ ਕਰਨ ਅਤੇ ਦੇਸ਼ ਭਰ ਵਿੱਚ ਅਤੇ ਪੂਰੀ ਦੁਨੀਆਂ ਵਿੱਚ ਡਿਊਟੀ 'ਤੇ ਤੈਨਾਤ ਮਨੁੱਖੀ ਤਸਕਰੀ ਦੇ ਤਫਤੀਸ਼ਕਾਰਾਂ ਨੂੰ ਸ਼ੁਰੂਆਤੀ ਜਾਣਕਾਰੀ ਦੇਣ ਲਈ ਦਿਨ ਦੇ 24 ਘੰਟੇ, ਹਫਤੇ ਦੇ 7 ਦਿਨ ਉਪਲਬਧ ਹੁੰਦੇ ਹਨ। ਗੁਪਤ ਸੂਹਾਂ ਔਨਲਾਈਨ ਫਾਰਮ ਅਤੇ ਟੋਲ-ਫ੍ਰੀ ਟਿਪਲਾਈਨ 'ਤੇ ਦਿੱਤੀਆਂ ਜਾ ਸਕਦੀਆਂ ਹਨ।

   **ਨੈਸ਼ਨਲ ਹਿਊਮਨ ਟ੍ਰੈਫਿਕਿੰਗ ਰਿਸੋਰਸ ਸੈਂਟਰ (NHTRC) ਨੂੰ ਹੇਠਾਂ ਦਿੱਤੇ ਕੰਮਾਂ ਵਾਸਤੇ 1-888-373-7888 'ਤੇ ਕਾਲ ਕਰੋ:**

   - ਤੁਹਾਡੇ ਇਲਾਕੇ ਵਿੱਚ ਸੇਵਾ ਮੁਹੱਈਆ ਕਰਨ ਵਾਲੇ ਪ੍ਰਦਾਤਾ ਨਾਲ ਸੰਪਰਕ ਕਰਨਾ ਅਤੇ ਮਦਦ ਲੈਣੀ;
   - ਸੰਭਾਵੀ ਮਨੁੱਖੀ ਤਸਕਰੀ ਦੀ ਗਤੀਵਿਧੀ ਬਾਰੇ ਜਾਣਕਾਰੀ ਮੁਹੱਈਆ ਕਰਨੀ; ਜਾਂ
   - ਸਿਖਲਾਈ, ਤਕਨੀਕੀ ਸਹਾਇਤਾ, ਜਾਂ ਸ੍ਰੋਤਾਂ ਬਾਰੇ ਬੇਨਤੀ ਕਰਕੇ ਹੋਰ ਜਾਣਕਾਰੀ ਲੈਣੀ।

   NHTRC ਇੱਕ ਰਾਸ਼ਟਰੀ, ਟੋਲ-ਫ੍ਰੀ ਹੋਟਲਾਈਨ ਹੈ ਜੋ ਦਿਨ ਦੇ 24 ਘੰਟੇ, ਹਫਤੇ ਦੇ 7 ਦਿਨ, ਸਾਲ ਦੇ ਹਰੇਕ ਦਿਨ ਦੇਸ਼ ਵਿੱਚ ਕਿਸੇ ਵੀ ਥਾਂ ਤੋਂ ਕਾਲਾਂ ਦਾ ਜਵਾਬ ਦੇਣ ਲਈ ਉਪਲਬਧ ਹੁੰਦੀ ਹੈ। NHTRC ਕਾਨੂੰਨ ਪਾਲਣਾ ਜਾਂ ਇਮੀਗ੍ਰੇਸ਼ਨ ਅਥਾਰਿਟੀ ਨਹੀਂ ਹੈ ਅਤੇ ਇਸ ਨੂੰ ਗੈਰ-ਸਰਕਾਰੀ ਸੰਗਠਨਾਂ ਦੁਆਰਾ ਚਲਾਇਆ ਜਾਂਦਾ ਹੈ।

3. **ਆਪਣੇ ਇਲਾਕੇ ਦੇ ਹੋਮਲੈਂਡ ਸਿਕਿਊਰਿਟੀ ਇਨਵੈਸਟੀਗੇਸ਼ਨ (HSI) ਬਾਰੇ ਜਾਣੋ।** ਆਪਣੇ ਇਲਾਕੇ ਵਿੱਚ ਮਨੁੱਖੀ ਤਸਕਰੀ ਤੇ ਕੰਮ ਕਰ ਰਹੇ HSI ਸਪੈਸ਼ਲ ਏਜੰਟਾਂ ਅਤੇ ਵਿਕਟਮ ਅਸਿਸਟੈਂਸ ਸਪੈਸ਼ਲਿਸਟਾਂ (ਪੀੜਤ ਸਹਾਇਤਾ ਮਾਹਰਾਂ) ਨਾਲ ਸੰਪਰਕ ਕਰਨ ਲਈ HSI ਦੀ ਟਿਪਲਾਈਨ ਨੂੰ ਕਾਲ ਕਰੋ ਅਤੇ ਉਹਨਾਂ ਨਾਲ ਸਬੰਧ ਬਣਾਓ, ਅਜਿਹੇ ਕੇਸ ਤੋਂ ਪਹਿਲਾਂ ਵੀ ਜਿਸ ਦੀ ਸਾਂਝੇ ਤੌਰ 'ਤੇ ਤਫ਼ਤੀਸ਼ ਕੀਤੀ ਜਾ ਸਕਦੀ ਹੈ। ਸ਼ੁਰੂਆਤੀ ਜਾਣਕਾਰੀ ਬਣਾਉਣ ਅਤੇ ਕੇਸ ਬਾਰੇ ਜਾਣਕਾਰੀ ਅਤੇ ਖੁਫੀਆ ਜਾਣਕਾਰੀ ਸਾਂਝੀ ਕਰਨ ਲਈ ਇਕੱਠੇ ਮਿਲ ਕੇ ਕੰਮ ਕਰੋ।

4. **ਆਪਣੇ ਇਲਾਕੇ ਵਿੱਚ ਟਾਸਕ-ਫੋਰਸ ਬਾਰੇ ਜਾਣੋ।** ਹਿਊਮਨ ਟ੍ਰੈਫਿਕਿੰਗ ਟਾਸਕ ਫੋਰਸਾਂ ਵਿੱਚ ਫੈਡਰਲ, ਸਟੇਟ, ਸਥਾਨਕ, ਕੰਟਰੀ ਅਤੇ ਕਬਾਇਲੀ ਕਾਨੂੰਨ ਪਾਲਣਾ ਅਤੇ ਮੁਕੱਦਮਾ ਚਲਾਉਣ ਵਾਲੇ ਅਧਿਕਾਰੀ, ਅਤੇ ਨਾਲ ਹੀ ਪੀੜਤਾਂ ਨੂੰ ਸਹਾਇਤਾ ਦੇਣ ਵਾਲੇ NGOs ਵੀ ਸ਼ਾਮਲ ਹੁੰਦੇ ਹਨ। *www.bja.gov* 'ਤੇ ਜਾ ਕੇ ਪਤਾ ਲਗਾਓ ਕਿ ਕੀ ਤੁਹਾਡੇ ਇਲਾਕੇ ਵਿੱਚ ਕੋਈ ਹਿਊਮਨ ਟ੍ਰੈਫਿਕਿੰਗ ਟਾਸਕ ਫੋਰਸ ਹੈ ਜਾਂ ਨਹੀਂ। ਜੇ ਕੋਈ ਮੌਜੂਦ ਹੋਵੇ, ਤਾਂ ਉਹਨਾਂ ਨਾਲ ਸਬੰਧ ਕਾਇਮ ਕਰੋ ਅਤੇ ਉਹਨਾਂ ਦੀਆਂ ਕੋਸ਼ਿਸ਼ਾਂ ਵਿੱਚ ਸ਼ਾਮਲ ਹੋਵੋ।

5. **ਆਪਣੇ ਆਪ ਨੂੰ ਅਤੇ ਆਪਣੀ ਸਾਥੀ-ਕਰਮਚਾਰੀਆਂ ਨੂੰ ਸਿੱਖਿਆ ਦੇਵੋ।** ਜੇ ਤੁਸੀਂ ਕਾਨੂੰਨ ਪਾਲਣਾ ਅਧਿਕਾਰੀ ਹੋ ਤਾਂ ਸਾਡੀ ਮੁਫ਼ਤ ਕੰਪਿਊਟਰ-ਅਧਾਰਤ, ਆਪਸੀ-ਕਿਰਿਆ ਵਾਲੀ ਸਿਖਲਾਈ, ਇੰਟਰਵਿਊ ਲੈਣ ਅਤੇ ਤਫ਼ਤੀਸ਼ ਕਰਨ ਦੀਆਂ ਵੱਖ-ਵੱਖ ਰਣਨੀਤੀਆਂ ਬਾਰੇ ਦੱਸਦੀ ਹੈ ਜੋ ਵਧੇਰੇ ਪ੍ਰਭਾਵਸ਼ਾਲੀ ਬਣਨ ਵਿੱਚ ਤੁਹਾਡੀ ਮਦਦ ਕਰ ਸਕਦੀਆਂ ਹਨ। ਇਸ ਵੈਬਸਾਈਟ 'ਤੇ ਜਾਓ: *www.fletc.gov/training/programs/human-trafficking-training-program*. ਜੇ ਤੁਸੀਂ ਫਰਸਟ ਰਿਸਪੌਂਡਰ ਜਾਂ ਸਿਹਤ-ਸੰਭਾਲ ਪੇਸ਼ੇਵਰ ਹੋ, ਤਾਂ ਸਾਡੀ ਆਮ ਆਪਸੀ-ਕਿਰਿਆ ਵਾਲੀ ਔਨਲਾਈਨ ਸਿਖਲਾਈ ਪ੍ਰਾਪਤ ਕਰੋ ਅਤੇ ਸਾਡੇ ਫਰਸਟ ਰਿਸਪੌਂਡਰ ਵੀਡੀਓ ਦੇਖੋ। ਇਸ ਵੈਬਸਾਈਟ 'ਤੇ ਜਾਓ: *www.dhs.gov/Bluecampaign*.

6. **Blue Campaign ਵੈਬਸਾਈਟ 'ਤੇ ਜਾਓ।** ਵਧੇਰੇ ਸਿਖਲਾਈ, ਲੋਕਾਂ ਤਕ ਪਹੁੰਚਣ ਦੀਆਂ ਸਮੱਗਰੀਆਂ, ਪੀੜਤ ਦੀ ਸਹਾਇਤਾ ਕਰਨ ਲਈ ਸਮੱਗਰੀਆਂ, ਅਤੇ ਮਨੁੱਖੀ ਤਸਕਰੀ ਨੂੰ ਖਤਮ ਕਰਨ ਦੀ ਲੜਾਈ ਵਿੱਚ ਤੁਸੀਂ ਕਿਵੇਂ ਸ਼ਾਮਲ ਹੋ ਸਕਦੇ ਹੋ, ਬਾਰੇ ਜਾਣਕਾਰੀ ਲਈ ਇਸ ਵੈਬਸਾਈਟ ਤੇ ਜਾਓ: *www.dhs.gov/Bluecampaign*. ਸਾਨੂੰ Facebook ਤੇ "Like" ਕਰੋ: *www.facebook.com/bluecampaign*. ਜਾਂ ਸਾਡੇ ਨਾਲ, *BlueCampaign@hq.dhs.gov* ਤੇ ਸੰਪਰਕ ਕਰੋ।

**ਪੀੜਤ ਦੀ ਪਛਾਣ**

ਕਾਨੂੰਨ ਪਾਲਣਾ ਅਧਿਕਾਰੀ, ਫਰਸਟ ਰਿਸਪੌਂਡਰ, ਅਤੇ ਸਿਹਤ-ਸੰਭਾਲ ਪੇਸ਼ੇਵਰ



# ਤੁਸੀਂ ਕੀ ਕਰ ਸਕਦੇ ਹੋ?

*ਪੀੜਤਾਂ ਨੂੰ ਪਛਾਣਨਾ ਅਤੇ ਮਨੁੱਖੀ ਤਸਕਰੀ ਦੇ ਸ਼ੱਕੀ ਮਾਮਲਿਆਂ ਦੀ ਸੂਚਨਾ ਦੇਣੀ*

BLUE CAMPAIGN
One Voice. One Mission. End Human Trafficking.™

# ਤੁਸੀਂ ਕੀ ਕਰ ਸਕਦੇ ਹੋ?

***ਪੀੜਤਾਂ ਨੂੰ ਪਛਾਣਨਾ ਅਤੇ ਮਨੁੱਖੀ ਤਸਕਰੀ ਦੇ ਸ਼ੱਕੀ ਮਾਮਲਿਆਂ ਦੀ ਸੂਚਨਾ ਦੇਣੀ***

## ਪੀੜਤ ਬਿਲਕੁਲ ਸਾਹਮਣੇ ਹੁੰਦੇ ਹਨ

ਆਪਣੀ ਡਿਊਟੀ ਕਰਦੇ ਹੋਏ ਤੁਹਾਡਾ ਮਨੁੱਖੀ ਤਸਕਰੀ ਦੇ ਸੰਭਾਵੀ ਪੀੜਤ ਵਿਅਕਤੀ ਨਾਲ ਸਾਹਮਣਾ ਹੋ ਸਕਦਾ ਹੈ। ਮਨੁੱਖੀ ਤਸਕਰੀ ਦੇ ਪੀੜਤ ਲੋਕ ਸਾਡੇ ਭਾਈਚਾਰਿਆਂ ਵਿੱਚ ਹੁੰਦੇ ਹਨ। ਕਾਨੂੰਨ ਪਾਲਣਾ ਅਧਿਕਾਰੀ ਘਰੇਲੂ ਸਮੱਸਿਆਵਾਂ ਦੀਆਂ ਕਾਲਾਂ ਦੌਰਾਨ; ਮਾਲਸ਼ ਪਾਰਲਰਾਂ, ਬਾਰਾਂ, ਅਤੇ ਸਟ੍ਰਿਪ ਕਲੱਬਾਂ ਵਿਖੇ ਘਟਨਾਵਾਂ ਤੇ ਪ੍ਰਤਿਕਿਰਿਆ ਕਰਦੇ ਹੋਏ; ਜਾਂ ਇੱਥੋਂ ਤੱਕ ਕਿ ਰੁਟੀਨ ਟੈਫ੍ਰਿਕ ਤੇ ਰੋਕੇ ਜਾਣ ਦੇ ਦੌਰਾਨ ਪੀੜਤਾਂ ਦਾ ਸਾਹਮਣਾ ਕਰ ਸਕਦੇ ਹਨ। ਫਰਸਟ ਰਿਸਪੌਂਡਰ ਅਤੇ ਸਿਹਤ-ਸੰਭਾਲ ਪੇਸ਼ੇਵਰਾਂ ਨੂੰ ਹਸਪਤਾਲਾਂ ਜਾਂ ਡਾਕਟਰ ਦੇ ਆਫਿਸ ਵਿੱਚ ਇਮਰਜੈਂਸੀਆਂ ਤੇ ਕਾਰਵਾਈ ਕਰਦਿਆਂ ਜਾਂ ਮਰੀਜ਼ਾਂ ਦਾ ਇਲਾਜ ਕਰਦਿਆਂ ਸੰਕੇਤ ਦਿਖਾਈ ਦੇ ਸਕਦੇ ਹਨ। ਸਿਹਤ ਅਤੇ ਸੁਰੱਖਿਆ ਇੰਸਪੈਕਟਰਾਂ ਨੂੰ ਰੈਸਟੋਰੈਂਟਾਂ, ਫੈਕਟਰੀਆਂ, ਉਸਾਰੀ ਵਾਲੀਆਂ ਸਾਈਟਾਂ ਵਿੱਚ ਅਤੇ ਖੇਤਾਂ ਵਿੱਚ ਕੰਮ ਕਰਦੇ ਪੀੜਤ ਵਿਅਕਤੀ ਮਿਲ ਸਕਦੇ ਹਨ।

## ਤਸਕਰੀ ਦੇ ਪੀੜਤ ਅਮਰੀਕੀ ਨਾਗਰਿਕਾਂ ਸਮੇਤ, ਕਿਸੇ ਵੀ ਉਮਰ, ਨਸਲ, ਲਿੰਗ ਜਾਂ ਰਾਸ਼ਟਰੀਅਤਾ ਦੇ ਹੋ ਸਕਦੇ ਹਨ

ਉਹਨਾਂ ਕੋਲ ਕਾਨੂੰਨੀ ਇਮੀਗ੍ਰੇਸ਼ਨ ਦਾ ਰੁਤਬਾ ਹੋ ਸਕਦਾ ਹੈ ਜਾਂ ਨਹੀਂ ਵੀ ਹੋ ਸਕਦਾ। ਪੀੜਤ ਕਾਨੂੰਨੀ ਅਤੇ ਗੈਰ-ਕਾਨੂੰਨੀ, ਦੋਵੇਂ ਤਰ੍ਹਾਂ ਦੇ ਕਿਰਤ ਖੇਤਰਾਂ ਵਿੱਚ ਮਿਲਦੇ ਹਨ; ਕਈਆਂ ਨੂੰ ਚੰਗੀ ਕਮਾਈ ਵਾਲੀਆਂ ਨੌਕਰੀਆਂ, ਜਾਂ ਇੱਥੋਂ ਤੱਕ ਪਿਆਰ ਦੇ ਝੂਠੇ ਵਾਅਦਿਆਂ ਨਾਲ ਭਰਮਾਇਆ ਜਾਂਦਾ ਹੈ। ਅਕਸਰ, ਉਹਨਾਂ ਨੂੰ ਘਰੇਲੂ ਗੁਲਾਮੀ, ਖੇਤ ਜਾਂ ਫੈਕਟਰੀ ਦੀ ਮਜ਼ਦੂਰੀ, ਜਾਂ ਹੋਰ ਤਰ੍ਹਾਂ ਦੀ ਜਬਰੀ ਮਜ਼ਦੂਰੀ, ਜਾਂ ਵਪਾਰਕ ਸੈਕਸ (ਵੇਸਵਾਵ੍ਰਿਤੀ) ਲਈ ਮਜਬੂਰ ਜਾਂ ਬੇਬਸ ਕੀਤਾ ਜਾਂਦਾ ਹੈ। ਫੈਡਰਲ ਕਾਨੂੰਨ ਤਹਿਤ, ਵਪਾਰਕ ਸੈਕਸ ਲਈ ਭਰਮਾਇਆ ਗਿਆ ਹਰੇਕ ਨਾਬਾਲਗ ਵਿਅਕਤੀ ਮਨੁੱਖੀ ਤਸਕਰੀ ਤੋਂ ਪੀੜਤ ਹੁੰਦਾ ਹੈ।

## ਤਸਕਰ ਕਿਵੇਂ ਕੰਮ ਕਰਦੇ ਹਨ

ਤਸਕਰ ਅਜਿਹੇ ਲੋਕਾਂ ਨੂੰ ਆਪਣਾ ਸ਼ਿਕਾਰ ਬਣਾਉਂਦੇ ਹਨ ਜਿਨ੍ਹਾਂ ਕੋਲ ਸਮਾਜਿਕ ਸੁਰੱਖਿਆ ਬਹੁਤ ਥੋੜ੍ਹੀ ਜਾਂ ਬਿਲਕੁਲ ਵੀ ਨਹੀਂ ਹੁੰਦੀ। ਉਹ ਅਜਿਹੇ ਲੋਕਾਂ ਦੀ ਤਲਾਸ਼ ਕਰਦੇ ਹਨ ਜੋ ਆਰਥਿਕ ਤੰਗੀ, ਘਰੇਲੂ ਹਿੰਸਾ, ਕੁਦਰਤੀ ਆਫਤਾਂ, ਜਾਂ ਰਾਜਨੀਤਿਕ ਅਸਥਿਰਤਾ ਸਮੇਤ, ਵੱਖ-ਵੱਖ ਕਾਰਨਾਂ ਕਰਕੇ ਲਾਚਾਰ ਹੁੰਦੇ ਹਨ। ਤਸਕਰ ਲੋਕਾਂ ਨੂੰ ਆਪਣੇ ਜਾਲ ਵਿੱਚ ਫਸਾਉਣ ਲਈ ਵੱਖ-ਵੱਖ ਰਣਨੀਤੀਆਂ ਦੀ ਵਰਤੋਂ ਕਰਦੇ ਹਨ, ਜਿਨ੍ਹਾਂ ਵਿੱਚ ਹਿੰਸਾ ਜਾਂ ਹਿੰਸਾ ਦੀਆਂ ਧਮਕੀਆਂ ਅਤੇ ਨਾਲ ਹੀ ਮਨੋਵਿਗਿਆਨਕ ਜਬਰ ਵੀ ਸ਼ਾਮਲ ਹੈ। ਇਹ ਸਦਮਾ ਐਨਾ ਵੱਡਾ ਹੋ ਸਕਦਾ ਹੈ ਕਿ ਕਈ ਲੋਕ ਖੁਦ ਨੂੰ ਪੀੜਤ ਨਹੀਂ ਮੰਨਦੇ ਹਨ ਅਤੇ ਇੱਥੋਂ ਤਕ ਕਿ ਬਹੁਤ ਜ਼ਿਆਦਾ ਜਨਤਕ ਥਾਂਵਾਂ ਤੇ ਵੀ ਮਦਦ ਨਹੀਂ ਮੰਗਦੇ ਹਨ।

## ਮਨੁੱਖੀ ਤਸਕਰੀ ਦੇ ਸੰਕੇਤ

ਅਹਿਮ ਸੂਚਕਾਂ ਨੂੰ ਪਛਾਣਨ ਨਾਲ ਜ਼ਿੰਦਗੀ ਬਚ ਸਕਦੀ ਹੈ। ਇਹ ਪੀੜਤਾਂ ਨੂੰ ਪਛਾਣਨ ਵਿੱਚ ਪਹਿਲਾ ਕਦਮ ਹੈ। ਹੇਠਾਂ ਸੂਚੀਬੱਧ ਸਾਰੇ ਸੂਚਕ ਮਨੁੱਖੀ ਤਸਕਰੀ ਦੀ ਹਰੇਕ ਸਥਿਤੀ ਵਿੱਚ ਮੌਜੂਦ ਨਹੀਂ ਹੁੰਦੇ ਹਨ। ਕਿਸੇ ਵੀ ਸੂਚਕ ਦੀ ਮੌਜੂਦਗੀ ਜਾਂ ਗੈਰ-ਮੌਜੂਦਗੀ ਜ਼ਰੂਰੀ ਤੌਰ ਤੇ ਕਿ ਮਨੁੱਖੀ ਤਸਕਰੀ ਦਾ ਸਬੂਤ ਨਹੀਂ ਹੁੰਦੀ ਹੈ।

ਜੇ ਤੁਸੀਂ ਕਾਨੂੰਨ ਪਾਲਣਾ ਅਧਿਕਾਰੀ ਹੋ, ਤਾਂ ਕਿਰਪਾ ਕਰਕੇ ਕਿਸੇ ਤਫ਼ਤੀਸ਼ ਤੇ ਮਿਲ ਕੇ ਕੰਮ ਕਰਨ, ਜਾਂ ਸੂਹ ਬਾਰੇ ਰਿਪੋਰਟ ਕਰਨ ਲਈ ਆਪਣੇ ਇਲਾਕੇ ਦੀ ਹੋਮਲੈਂਡ ਸਿਕਿਊਰਿਟੀ ਇਨਵੈਸਟੀਗੇਸ਼ਨ (HSI) ਦੇ ਫੀਲਡ ਆਫਿਸ ਜਾਂ ਹਿਊਮਨ ਟ੍ਰੈਫਿਕਿੰਗ ਟਾਸਕ ਫੋਰਸ ਤੱਕ ਨਾਲ ਸੰਪਰਕ ਕਰੋ। HSI ਮਨੁੱਖੀ ਤਸਕਰੀ ਦੀ ਤਫ਼ਤੀਸ਼ ਕਰਨ ਅਤੇ ਤਸਕਰਾਂ ਨੂੰ ਗ੍ਰਿਫਤਾਰ ਕਰਨ ਲਈ ਜ਼ਿੰਮੇਵਾਰ ਹੁੰਦੀ ਹੈ। ਆਪਣੇ ਸੁਪਰਵਾਈਜ਼ਰ ਨੂੰ ਸੂਚਿਤ ਕਰਨ ਲਈ ਅਤੇ ਸਹੀ ਸਥਾਨਕ ਅਥਾਰਿਟੀਆਂ ਨੂੰ ਸ਼ਾਮਲ ਕਰਨ ਲਈ ਸੰਗਠਨ-ਵਿਸ਼ੇਸ਼ ਪ੍ਰੋਟੋਕੋਲ ਹੋ ਸਕਦੇ ਹਨ ਜਿਸ ਦੀ ਤੁਹਾਨੂੰ ਪਾਲਣਾ ਕਰਨੀ ਚਾਹੀਦੀ ਹੈ। ਜੇ ਤੁਸੀਂ ਫਰਸਟ ਰਿਸਪੌਂਡਰ ਹੋ ਤਾਂ ਕਿਰਪਾ ਕਰਕੇ ਸੂਹ ਦੀ ਰਿਪੋਰਟ ਕਰੋ। ਤੁਹਾਡੀ ਅਤੇ ਪੀੜਤ ਵਿਅਕਤੀ ਦੀ ਸੁਰੱਖਿਆ ਸਰਵ-ਉੱਚ ਹੁੰਦੀ ਹੈ। **ਜਦੋਂ ਤਕ ਤੁਸੀਂ ਕਾਨੂੰਨ ਪਾਲਣਾ ਵਿਵਸਥਾ ਤੋਂ ਨਹੀਂ ਹੋ, ਕਿਸੇ ਵੀ ਸਮੇਂ ਸ਼ੱਕੀ ਤਸਕਰ ਨਾਲ ਸਿੱਧਾ ਟਾਕਰਾ ਕਰਨ ਜਾਂ ਪੀੜਤ ਨੂੰ ਆਪਣੇ ਸ਼ੱਕ ਬਾਰੇ ਖ਼ਬਰਦਾਰ ਕਰਨ ਦੀ ਕੋਸ਼ਿਸ਼ ਨਾ ਕਰੋ।**

### ਕਿਰਤ ਜਾਂ ਸੇਵਾ ਸਬੰਧਤ ਸੂਚਕ

- ਕੀ ਕਿਸੇ ਵਿਅਕਤੀ ਨੂੰ ਇੱਕ ਉਦੇਸ਼ ਲਈ ਭਰਤੀ ਕੀਤਾ ਗਿਆ ਸੀ ਅਤੇ ਕਿਸੇ ਹੋਰ ਕੰਮ ਵਿੱਚ ਸ਼ਾਮਲ ਹੋਣ ਲਈ ਮਜਬੂਰ ਕੀਤਾ ਗਿਆ ਸੀ?
- ਕੀ ਵਿਅਕਤੀ ਦੀ ਤਨਖਾਹ ਨੂੰ ਕਥਿਤ ਕਰਜ਼ਿਆਂ ਦਾ ਭੁਗਤਾਨ ਕਰਨ ਲਈ ਜ਼ਬਤ ਕੀਤਾ ਜਾ ਰਿਹਾ ਹੈ?
- ਕੀ ਵਿਅਕਤੀ ਨੂੰ ਜਿਨਸੀ ਕਾਰਵਾਈਆਂ ਕਰਨ ਲਈ ਮਜਬੂਰ ਕੀਤਾ ਗਿਆ ਸੀ? ਕੀ ਵਿਅਕਤੀ ਵਪਾਰਕ ਸੈਕਸ ਦੇ ਕੰਮਾਂ ਵਿੱਚ ਸ਼ਾਮਲ ਇੱਕ ਕਿਸ਼ੋਰ ਹੈ?
- ਕੀ ਵਿਅਕਤੀ ਲੋੜ ਤੋਂ ਵੱਧ ਲੰਬੇ ਸਮੇਂ ਤੱਕ ਅਤੇ/ਜਾਂ ਅਸਧਾਰਨ ਸਮਿਆਂ ਤੇ ਕੰਮ ਕਰਦਾ ਹੈ?
- ਕੀ ਵਿਅਕਤੀ ਨੇ ਆਪਣੀ ਸਥਿਤੀ ਜਾਂ ਜਿਹੜਾ ਕੰਮ ਉਹ ਕਰਦਾ ਹੈ ਉਸ ਲਈ ਅਢੁਕਵੇਂ ਕੱਪੜੇ ਪਾਏ ਹੋਏ ਹਨ?

### ਨਿਯੰਤ੍ਰਣ ਸਬੰਧਤ ਸੂਚਕ

- ਕੀ ਵਿਅਕਤੀ ਕੋਲ ਆਪਣੇ ਪਛਾਣ ਅਤੇ ਯਾਤਰਾ ਦੇ ਦਸਤਾਵੇਜ਼ ਹਨ?; ਜੇ ਨਹੀਂ, ਤਾਂ ਦਸਤਾਵੇਜ਼ ਕਿਸੇ ਦੇ ਨਿਯੰਤ੍ਰਣ ਵਿੱਚ ਹਨ?
- ਕੀ ਵਿਅਕਤੀ ਨੂੰ ਇਸ ਬਾਰੇ ਸਿਖਲਾਈ ਮਿਲੀ ਜਾਪਦੀ ਹੈ ਕਿ ਉਸ ਨੇ ਕੀ ਕਹਿਣਾ ਹੈ? ਕੀ ਉਹ ਕਿਸੇ ਅਜਿਹੇ ਵਿਅਕਤੀ ਨਾਲ ਹਨ ਜੋ ਸਥਿਤੀ 'ਤੇ ਨਿਯੰਤ੍ਰਣ ਕਰਦਾ ਜਾਪਦਾ ਹੈ?
- ਕੀ ਵਿਅਕਤੀ ਜਾਂ ਉਸ ਦੇ ਪਰਿਵਾਰ ਨੂੰ ਨੁਕਸਾਨ ਪਹੁੰਚਾਉਣ ਲਈ ਧਮਕਾਇਆ ਗਿਆ ਹੈ?
- ਕੀ ਵਿਅਕਤੀ ਭੈ-ਭੀਤ, ਡਰਿਆ ਹੋਇਆ, ਜਾਂ ਚੁਪਚਾਪ ਹੈ?
- ਕੀ ਵਿਅਕਤੀ ਨੂੰ ਵਤਨ ਵਾਪਸ ਭੇਜਣ ਜਾਂ ਕਾਨੂੰਨ ਲਾਗੂਕਰਨ ਕਾਰਵਾਈ ਦੀ ਧਮਕੀ ਦਿੱਤੀ ਗਈ ਹੈ?
- ਕੀ ਵਿਅਕਤੀ ਉਲਝਣ ਵਿੱਚ ਜਾਂ ਡਰਿਆ ਹੋਇਆ ਹੈ, ਜਾਂ ਕੀ ਉਹ ਮਾਨਸਿਕ ਜਾਂ ਸਰੀਰਕ ਦੁਰਵਿਹਾਰ ਦੇ ਸੰਕੇਤ ਦਿਖਾ ਰਿਹਾ/ਰਹੀ ਹੈ?
- ਕੀ ਵਿਅਕਤੀ ਅਜ਼ਾਦੀ ਨਾਲ ਦੋਸਤਾਂ ਜਾਂ ਪਰਿਵਾਰ ਨਾਲ ਸੰਪਰਕ ਕਰ ਸਕਦਾ ਹੈ?
- ਕੀ ਵਿਅਕਤੀ ਨੂੰ ਅਜ਼ਾਦੀ ਨਾਲ ਸਮਾਜਿਕ ਮੇਲ-ਜੋਲ ਕਰਨ ਜਾਂ ਧਾਰਮਿਕ ਰਸਮਾਂ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਹੈ?

### ਰਹਿਣ ਦੇ ਹਾਲਾਤ ਸਬੰਧਤ ਸੂਚਕ

- ਕੀ ਵਿਅਕਤੀ ਕੋਲ ਨਿਜੀ ਵਸਤੂਆਂ ਦੀ ਕਮੀ ਲੱਗਦੀ ਹੈ ਜਾਂ ਉਸਦੀ ਰਹਿਣ ਦੀ ਸਥਿਤੀ ਅਸਥਿਰ ਜਾਪਦੀ ਹੈ?
- ਕੀ ਵਿਅਕਤੀ ਨੂੰ ਆਉਣ-ਜਾਣ ਦੀ ਅਜ਼ਾਦੀ ਹੈ? ਕੀ ਵਿਅਕਤੀ ਉਸ ਥਾਂ ਤੋਂ ਅਜ਼ਾਦੀ ਨਾਲ ਜਾ ਸਕਦਾ ਹੈ ਜਿੱਥੇ ਉਹ ਰਹਿੰਦਾ ਹੈ? ਕੀ ਕੋਈ ਗੈਰਮੁਨਾਸਬ ਸੁਰੱਖਿਆ ਉਪਾਅ ਹਨ?
- ਕੀ ਵਿਅਕਤੀ ਨੂੰ ਭੋਜਨ, ਪਾਣੀ, ਨੀਂਦ, ਡਾਕਟਰੀ ਦੇਖਭਾਲ ਜਾਂ ਜ਼ਿੰਦਗੀ ਦੀਆਂ ਹੋਰ ਜ਼ਰੂਰਤਾਂ ਤੋਂ ਵਾਂਝਾ ਰੱਖਿਆ ਗਿਆ ਹੈ?

### ਸਫਰ ਸਬੰਧਤ ਸੂਚਕ

- ਕੀ ਵਿਅਕਤੀ ਨੂੰ ਆਪਣੇ ਆਖਰੀ ਟਿਕਾਣੇ ਬਾਰੇ ਜਾਣਕਾਰੀ ਹੈ? ਜਾਂ ਇਸ ਬਾਰੇ ਕਿ ਉਹ ਉੱਥੇ ਕਿਵੇਂ ਪਹੁੰਚੇਗਾ?
- ਕੀ ਵਿਅਕਤੀ ਨੂੰ ਪਤਾ ਹੈ ਕਿ ਆਖਰੀ ਟਿਕਾਣੇ 'ਤੇ ਉਸ ਨੂੰ ਕੌਣ ਮਿਲ ਰਿਹਾ ਹੈ?
- ਕੀ ਬੱਚਾ ਕਿਸੇ ਅਜਿਹੇ ਵਿਅਕਤੀ ਨਾਲ ਸਫਰ ਕਰ ਰਿਹਾ ਹੈ ਜੋ ਉਸ ਦਾ ਅਸਲ ਮਾਤਾ-ਪਿਤਾ ਜਾਂ ਸਰਪ੍ਰਸਤ ਨਹੀਂ ਜਾਪਦਾ?

### ਡਾਕਟਰੀ ਸੂਚਕ

- ਕੀ ਵਿਅਕਤੀ 'ਤੇ ਦਾਗ਼, ਸਾੜ, ਕੋਈ ਕੱਟ-ਵੱਢ, ਜਾਂ ਲਾਗਾਂ ਹਨ?
- ਕੀ ਵਿਅਕਤੀ ਨੂੰ ਆਪਣਾ ਡਾਕਟਰੀ ਇਤਿਹਾਸ ਦੇਣ ਤੋਂ ਰੋਕਿਆ ਜਾਂ ਸੀਮਤ ਕੀਤਾ ਜਾ ਰਿਹਾ ਹੈ?
- ਕੀ ਵਿਅਕਤੀ ਪਿਸ਼ਾਬ ਕਰਨ ਸਬੰਧੀ ਦਿੱਕਤਾਂ, ਪੇਡੂ ਦੀ ਤਕਲੀਫ, ਗਰਭ ਅਵਸਥਾ, ਜਾਂ ਗੁਦਾ ਸਬੰਧਤ ਸਦਮੇ ਤੋਂ ਪੀੜਤ ਹੈ?
- ਕੀ ਵਿਅਕਤੀ ਪਿੱਠ, ਸੁਣਨ, ਦਿਲ ਦੀਆਂ ਬਿਮਾਰੀ, ਜਾਂ ਸਾਹ ਸਬੰਧੀ ਲੰਬੇ ਸਮੇਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ?
- ਕੀ ਵਿਅਕਤੀ ਦੀ ਨਜ਼ਰ ਕਮਜ਼ੋਰ ਹੈ ਜਾਂ ਉਸਨੂੰ ਅੱਖਾਂ ਦੀਆਂ ਸਮੱਸਿਆਵਾਂ ਹਨ?
- ਕੀ ਵਿਅਕਤੀ ਖੁਰਾਕ ਨਾ ਮਿਲਣ ਦਾ ਸ਼ਿਕਾਰ ਜਾਪਦਾ ਹੈ ਜਾਂ ਉਸ ਨੂੰ ਦੰਦਾਂ ਸਬੰਧੀ ਗੰਭੀਰ ਸਮੱਸਿਆਵਾਂ ਹਨ?

BLUE CAMPAIGN
One Voice. One Mission. End Human Trafficking.™